بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਫ਼ਤਹਿ ਮੱਕਾ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ ਅਤੇ ਮੁਕੱਰਮ ਡਾਕਟਰ ਸ਼ੇਖ਼ ਮਹਿਮੂਦ ਸਾਹਿਬ ਸ਼ਹੀਦ ਦਾ ਜ਼ਿਕਰਿ ਖ਼ੈਰ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 23 ਮਈ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਪਿਛਲੇ ਖ਼ੁਤਬੇ ਵਿੱਚ ਮੈਂ ਇੱਕ ਮੁਸਲਮਾਨ ਦਾ ਇੱਕ ਸ਼ਖ਼ਸ ਦੇ ਸਲਾਮ ਕਹਿਣ ਦੇ ਬਾਵਜੂਦ ਉਸ ਨੂੰ ਕ਼ਤਲ ਕਰਨ ਦਾ ਜ਼ਿਕਰ ਕੀਤਾ ਸੀ ਅਤੇ ਇਸ ਹਵਾਲ਼ੇ ਨਾਲ਼ ਸੂਰਤੁੰਨ ਨਿਸਾਅ ਦੀ ਆਇਤ ਪੜ੍ਹੀ ਸੀ ਜਿਸ ਵਿੱਚ ਜ਼ਿਕਰ ਹੈ ਕਿ ਜੇਕਰ ਕੋਈ ਤੁਹਾਨੂੰ ਸਲਾਮ ਕਹੇ ਤਾਂ ਇਹ ਨਾ ਕਹੋ ਕਿ ਉਹ ਮੋਮਿਨ ਨਹੀਂ। ਇਸ ਦੀ ਤਫ਼ਸੀਲ ਵਿੱਚ ਇਹੀ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਨਾ ਸਿਰਫ਼ ਇਸ ਤੋਂ ਰੋਕਿਆ ਬਲਕਿ ਅਜਿਹਾ ਕਰਨ ਵਾਲ਼ੇ 'ਤੇ ਬਹੁਤ ਗ਼ੁੱਸੇ ਦਾ ਇਜ਼ਹਾਰ ਵੀ ਕੀਤਾ ਅਤੇ ਉਸਨੂੰ ਆਪਣੀਆਂ ਨਜ਼ਰਾਂ ਤੋਂ ਦੂਰ ਕਰ ਦਿੱਤਾ ਅਤੇ ਕੁੱਝ ਰਿਵਾਇਤਾਂ ਦੇ ਮੁਤਾਬਿਕ਼ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸਦੇ ਖ਼ਿਲਾਫ਼ ਦੁਆ ਵੀ ਕੀਤੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਸ ਦਾ ਬਹੁਤ ਦੁੱਖ ਸੀ। ਬਹਰਹਾਲ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਨੂੰ ਬੜਾ ਘਿਨੌਣਾ ਜੁਰਮ ਕ਼ਰਾਰ ਦਿੱਤਾ ਸੀ, ਕਾਸ਼! ਅੱਜ ਕੱਲ ਪਾਕਿਸਤਾਨ ਦੇ ਮੁੱਲਾ ਅਖਵਾਉਣ ਵਾਲ਼ੇ, ਦੀਨ ਦੇ ਠੇਕੇਦਾਰਾਂ ਨੂੰ ਵੀ ਇਹ ਗੱਲ ਸਮਝ ਆ ਜਾਵੇ ਅਤੇ ਅਹਿਮਦੀਆਂ 'ਤੇ ਜਿਹੜਾ ਜ਼ੁਲਮ ਕਰ ਰਹੇ ਹਨ ਉਸ ਤੋਂ ਬਾਜ਼ ਆ ਜਾਣ ਤਾਂ ਜੋ ਅੱਲਾਹ ਤਆਲਾ ਦੀ ਪਕੜ ਤੋਂ ਬਚ ਸਕਣ।

ਹੁਣ ਗ਼ਜ਼ਵਿਆਂ ਦੇ ਜ਼ਿਕਰ ਹੇਠ ਗ਼ਜ਼ਵਾ ਫ਼ਤਹਿ ਮੱਕਾ ਦਾ ਜ਼ਿਕਰ ਹੋਵੇਗਾ ਜਿਹੜਾ ਰਮਜ਼ਾਨ ਅੱਠ ਹਿਜਰੀ ਵਿੱਚ ਹੋਇਆ। ਇਸ ਨੂੰ ਫ਼ਤਹਿ ਅਜ਼ੀਮ ਵੀ ਕਹਿੰਦੇ ਹਨ। ਇਸ ਦੀ ਬਿਸ਼ਾਰਤ ਅੱਲਾਹ ਤਆਲਾ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਪਹਿਲਾਂ ਹੀ ਦੇ ਦਿੱਤੀ ਸੀ ਜਿਸ ਦੇ ਨਤੀਜੇ ਵਿੱਚ ਗਿਰੋਹ ਦਰ ਗਿਰੋਹ ਲੋਕ ਇਸਲਾਮ ਵਿੱਚ ਦਾਖ਼ਿਲ ਹੋਏ। ਹਜ਼ਰਤ ਮੁਸਲਿਹ ਮੌਊਦ ਆਇਤ قُلْ رَّبِّ أَدْخِلْنِيْ مُدْخَلَ صِدْقٍ ਦੇ ਹਵਾਲ਼ੇ ਨਾਲ਼ ਫ਼ਰਮਾਉਂਦੇ ਹਨ ਕਿ ਇਹ ਉਹ ਆਇਤ ਹੈ ਜਿਹੜੀ ਹਿਜਰਤ ਤੋਂ ਪਹਿਲਾਂ ਸੂਰਃ ਬਨੀ ਇਸਰਾਈਲ ਵਿੱਚ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ 'ਤੇ ਨਾਜ਼ਿਲ ਹੋਈ ਸੀ ਅਤੇ ਜਿਸ ਵਿੱਚ ਹਿਜਰਤ ਅਤੇ ਫਿਰ ਫ਼ਤਹਿ ਮੱਕਾ ਦੀ ਬਸ਼ਾਰਤ ਦਿੱਤੀ ਗਈ ਸੀ। ਸੂਰਤੁਲ ਫ਼ਤਹ ਵਿੱਚ ਫ਼ਤਹਿ ਮੱਕਾ ਦੀ ਬਸ਼ਾਰਤ ਇੰਝ ਬਿਆਨ ਹੋਈ ਹੈ لَقَدْ رَضِيَ اللّٰهُ عَنِ الْمُؤْمِنِيْنَ إِذْ يُبَايِعُوْنَكَ تَحْتَ الشَّجَرَةِ فَعَلِمَ مَا فِيْ قُلُوْبِهِمْ فَأَنْزَلَ السَّكِيْنَةَ عَلَيْهِمْ وَأَثَابَهُمْ فَتْحًا قَرِيْبًا ਯਕ਼ੀਨਨ ਅੱਲਾਹ ਮੋਮਿਨਾਂ ਤੋਂ ਰਾਜ਼ੀ ਹੋ ਗਿਆ ਜਦ ਉਹ ਦਰਖ਼ਤ ਦੇ ਥੱਲੇ ਤੇਰੀ ਬੈਅਤ ਕਰ ਰਹੇ ਸਨ, ਉਹ ਜਾਣਦਾ ਹੈ ਜੋ ਉਹਨਾਂ ਦੇ ਦਿਲਾਂ ਵਿੱਚ ਸੀ, ਬਸ ਉਸ ਨੇ ਉਹਨਾਂ 'ਤੇ ਸਕੀਨਤ ਉਤਾਰੀ ਅਤੇ ਇੱਕ ਫ਼ਤਿਹ ਅਤਾ ਕੀਤੀ।

ਹਕ਼ੀਕ਼ਤ ਤਾਂ ਇਹ ਹੈ ਕਿ ਜਿਸ ਦਿਨ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮੱਕੇ ਤੋਂ ਹਿਜਰਤ ਕੀਤੀ, ਅੱਲਾਹ ਤਆਲਾ ਨੇ ਉਸੇ ਦਿਨ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਫ਼ਤਹਿ ਮੱਕਾ ਦੀ ਬਸ਼ਾਰਤ ਦੇ ਦਿੱਤੀ ਸੀ। ਚੁਨਾਂਚੇ ਹਿਜਰਤ ਦੇ ਦੌਰਾਨ ਇਸ ਆਇਤ ਦੇ ਨਾਜ਼ਿਲ ਹੋਣ ਦਾ ਵੀ ਜ਼ਿਕਰ ਮਿਲ਼ਦਾ ਹੈ ਕਿ إِنَّ الَّذِيْ فَرَضَ عَلَيْكَ الْقُرْآنَ

لَرَادُّكَ إِلَىٰ مَعَادٍ ਯਕੀਨਨ ਉਹ ਜਿਸ ਨੇ ਤੇਰੇ ‘ਤੇ ਕੁਰਆਨ ਨੂੰ ਫ਼ਰਜ਼ ਕੀਤਾ ਅਤੇ ਇੱਕ ਦਿਨ ਜ਼ਰੂਰ ਤੈਨੂੰ ਵਾਪਸ ਆਉਣ ਦੀ ਜਗ੍ਹਾ ਵਾਪਸ ਲੈ ਆਵੇਗਾ। ਇਮਾਮ ਫ਼ਖ਼ਰੁੱਦ ਦੀਨ ਰਾਜ਼ੀ ਕਹਿੰਦੇ ਹਨ ਕਿ ਇਸ ਜਗ੍ਹਾ ਵਾਪਸ ਆਉਣ ਦੀ ਜਗ੍ਹਾ ਤੋਂ ਮੁਰਾਦ ਮੱਕਾ ਹੈ।

ਸੂਰਃ ਬਕ਼ਰਾ ਦੀ ਇੱਕ ਆਇਤ ਵਿੱਚ ਅੱਲਾਹ ਤਆਲਾ ਫ਼ਰਮਾਉਂਦਾ ਹੈ وَمِنْ حَيْثُ خَرَجْتَ فَوَلِّ وَجْهَكَ شَطْرَ الْمَسْجِدِ الْحَرَامِ ਇਸ ਆਇਤ ਦੇ ਮਾਇਨੇ ਇਹ ਹਨ ਕਿ (ਐ ਮੁਸਲਮਾਨੋ!) ਤੁਹਾਡਾ ਇੱਕ ਹੀ ਮਕ਼ਸਦ ਹੋਣਾ ਚਾਹੀਦਾ ਹੈ ਕਿ ਤੁਸੀਂ ਖ਼ਾਨਿ ਕਾਅਬਾ ਨੂੰ ਫ਼ਤਿਹ ਕਰਕੇ ਉਸਨੂੰ ਇਸਲਾਮ ਦਾ ਮਰਕਜ਼ ਬਣਾਉਣਾ ਹੈ, ਕਿਉਂਕਿ ਜਦ ਤੱਕ ਮੱਕੇ ਵਿੱਚ ਇਸਲਾਮ ਫੈਲ ਨਹੀਂ ਜਾਂਦਾ, ਜਦ ਤੱਕ ਮੱਕਾ ਮੁਸਲਮਾਨਾਂ ਦੇ ਤਹਿਤ ਨਹੀਂ ਆ ਜਾਂਦਾ ਉਸ ਵੇਲੇ ਤੱਕ ਬਾਕ਼ੀ ਸਾਰਾ ਅਰਬ ਮੁਸਲਮਾਨ ਨਹੀਂ ਹੋ ਸਕਦਾ। ਇਹ ਪ੍ਰੋਗਰਾਮ ਸੀ ਜਿਹੜਾ ਮੁਸਲਮਾਨਾਂ ਦਾ ਨਿਰਧਾਰਿਤ ਕੀਤਾ ਗਿਆ। ਇਸ ਦੇ ਬਾਅਦ ਹਜ਼ੂਰ ਅਨਵਰ ਨੇ ਇੱਕ ਸ਼ਹੀਦ ਦਾ ਤਫ਼ਸੀਲੀ ਜ਼ਿਕਰ ਕਰਦੇ ਹੋਏ ਫ਼ਰਮਾਇਆ ਕਿ ਇਸ ਵੇਲੇ ਮੈਂ ਇੱਕ ਸ਼ਹੀਦ ਦਾ ਜ਼ਿਕਰ ਕਰਾਂਗਾ। ਇਹ ਜ਼ਿਕਰ ਮੁਕੱਰਮ ਡਾਕਟਰ ਸ਼ੇਖ਼ ਮੁਹੰਮਦ ਮਹਿਮੂਦ ਸਾਹਿਬ ਆਫ਼ ਸਰਗੋਧਾ ਇਬਨ ਮੁਕੱਰਮ ਸ਼ੇਖ਼ ਮੁਬੱਸ਼ਿਰ ਅਹਮਦ ਸਾਹਿਬ ਦਿਹਲਵੀ ਨੂੰ ਇੱਕ ਅਹਮਦਿੱਯਤ ਦੇ ਦੁਸ਼ਮਨ ਨੇ 16 ਮਈ ਨੂੰ ਫ਼ਾਇਰਿੰਗ ਕਰਕੇ ਸ਼ਹੀਦ ਕਰ ਦਿੱਤਾ ਸੀ إنا لله و إنا إليه راجعون ਉਸ ਦਿਨ ਡਾਕਟਰ ਸਾਹਿਬ ਨਮਾਜ਼ਿ ਜੁਮਆ ਦੀ ਅਦਾਇਗੀ ਦੇ ਬਾਅਦ ਆਪਣੀ ਫ਼ੈਮਲੀ ਦੇ ਨਾਲ਼ ਫ਼ਾਤਿਮਾ ਹਸਪਤਾਲ ਸਰਗੋਧਾ, ਜਿੱਥੇ ਉਹ ਪ੍ਰੈਕਟਿਸ ਕਰਦੇ ਸਨ, ਪਹੁੰਚੇ ਤਾਂ ਰਾਹਦਾਰੀ ਵਿੱਚ ਇੱਕ ਸ਼ਖ਼ਸ ਜਿਹੜਾ ਉੱਥੇ ਪਹਿਲਾਂ ਹੀ ਮੌਜੂਦ ਸੀ ਉਸਨੇ ਸ਼ਾਪਿੰਗ ਬੈਗ ਵਿੱਚੋਂ ਪਿਸਤੌਲ ਕੱਢਿਆ ਅਤੇ ਪਿੱਛਿਓਂ ਆਪ ਤੇ ਫ਼ਾਇਰਿੰਗ ਕਰ ਦਿੱਤੀ। ਉਹਨਾਂ ਨੂੰ ਫ਼ੌਰਨ ਸਿਵਲ ਹਸਪਤਾਲ ਲੈ ਜਾਇਆ ਗਿਆ ਲੇਕਿਨ ਜ਼ਖ਼ਮਾਂ ਦੇ ਕਾਰਨ ਡਾਕਟਰ ਸਾਹਿਬ ਸ਼ਹੀਦ ਹੋ ਗਏ। ਉਸਦੇ ਬਾਅਦ ਹਮਲਾਵਰ ਅਸਲ੍ਹਾ ਲਹਿਰਾਉਂਦਾ ਹੋਇਆ ਆਪਣੇ ਸਾਥੀ ਦੇ ਨਾਲ਼ ਉੱਥੋਂ ਫ਼ਰਾਰ ਹੋ ਗਿਆ। ਸ਼ਹਾਦਤ ਵੇਲੇ ਸ਼ਹੀਦ ਮਰਹੂਮ ਦੀ ਉਮਰ 59 ਸਾਲ ਸੀ। ਸ਼ਹੀਦ ਮਰਹੂਮ ਦੇ ਖ਼ਾਨਦਾਨ ਵਿੱਚ ਅਹਮਦਿੱਯਤ ਉਹਨਾਂ ਦੇ ਪੜਦਾਦਾ ਮੁਕੱਰਮ ਬਾਬੂ ਇਜਾਜ਼ ਹੁਸੈਨ ਸਾਹਿਬ ਦੇ ਭਰਾ ਹਜ਼ਰਤ ਸਰਫ਼ਰਾਜ ਹੁਸੈਨ ਸਾਹਿਬ ਦੇਲ੍ਹਵੀਰਜ਼ਿ ਅੱਲਾਹੁ ਅਨਹੁ ਦੇ ਦੁਆਰਾ ਆਈ ਸੀ, ਜਿਹਨਾਂ ਨੇ ਹਜ਼ਰਤ ਮਸੀਹ ਮੌਊਦਰਜ਼ਿ ਅੱਲਾਹੁ ਅਨਹੁ ਦੀ ਬੈਅਤ ਕੀਤੀ ਸੀ। ਬਾਅਦ ਵਿੱਚ ਸ਼ਹੀਦ ਮਰੂਮ ਦੇ ਪੜਦਾਦਾ ਮੁਕੱਰਮ ਬਾਬੂ ਇਜਾਜ਼ ਹੁਸੈਨ ਸਾਹਿਬ ਨੇ ਆਪਣੇ ਭਰਾ ਦੇ ਦੁਆਰਾ ਬੈਅਤ ਕਰ ਲਈ। ਸ਼ਹੀਦ ਮਰਹੂਮ ਨੇ ਐਫ਼ ਸੀ ਕਾਲਜ ਲਾਹੌਰ ਤੋਂ ਬਾਰ੍ਹਵੀਂ ਕੀਤੀ, ਫਿਰ ਰਾਵਲਪਿੰਡੀ ਮੈਡੀਕਲ ਕਾਲਜ ਤੋਂ 1990 ਈ: ਵਿੱਚ ਐਮ.ਬੀ.ਬੀ.ਐੱਸ ਕੀਤੀ, ਉਸਦੇ ਬਾਅਦ ਪੰਜਾਬ ਸਰਵਿਸ ਕਮਿਸ਼ਨ ਦਾ ਇਮਤਿਹਾਨ ਪਾਸ ਕੀਤਾ ਅਤੇ ਚਾਰ ਸਾਲ ਸਰਵਿਸ ਹਸਪਤਾਲ ਅਤੇ ਜਿਨਾਹ ਹਸਪਤਾਲ ਵਿੱਚ ਜਾਬ ਕੀਤੀ। 1998 ਈ: ਵਿੱਚ ਰਾਇਲ ਕਾਲਜ ਆਫ਼ ਫ਼ਿਜ਼ੀਸ਼ਨਸ ਯੂ.ਕੇ ਦੀ ਮੈਂਬਰਸ਼ਿਪ ਅਤੇ 2021 ਈ: ਵਿੱਚ ਫ਼ੈਲੋਸ਼ਿਪ ਦਾ ਸਨਮਾਨ ਮਿਲਿਆ।

ਸ਼ਹੀਦ ਮਰਹੂਮ 2001 ਈ: ਵਿੱਚ ਸਰਗੋਧਾ ਸ਼ਿਫਟ ਹੋਏ। ਆਪ ਸਰਗੋਧਾ ਦੇ ਪਹਿਲੇ ਜਿਗਰ ਅਤੇ ਮਿਹਦੇ ਦੇ ਰੋਗਾਂ ਦੇ ਮਾਹਿਰ ਸਨ। 2001 ਈ: ਵਿੱਚ ਸਰਗੋਧਾ ਸ਼ਿਫਟ ਹੋਣ ਦੇ ਬਾਅਦ ਬਕ਼ਾਇਦਗੀ ਨਾਲ਼ ਫ਼ਜ਼ਲਿ ਉਮਰ ਹਸਪਤਾਲ ਵਿੱਚ ਵੀ ਵਿਜ਼ਿਟਿੰਗ ਡਾਕਟਰ ਦੇ ਤੌਰ 'ਤੇ ਖ਼ਿਦਮਤ ਅੰਜਾਮ ਦੇ ਰਹੇ ਸਨ। ਅੱਲਾਹ ਤਆਲਾ ਨੇ ਉਹਨਾਂ ਦੇ ਹੱਥ ਵਿੱਚ ਸ਼ਿਫ਼ਾ ਰੱਖੀ ਸੀ। ਦੁਨਿਆਵੀ ਇਲਮ ਦੇ ਨਾਲ਼ ਦੀਨੀ ਇਲਮ ਵੀ ਬਹੁਤ ਸੀ, ਕੁਰਆਨ ਕਰੀਮ ਦੀ ਤਫ਼ਸੀਰ, ਤਜ਼ਕਿਰਾ, ਰੂਹਾਨੀ ਖ਼ਜ਼ਾਇਨ, ਦੂਸਰੀਆਂ ਜਮਾਅਤੀ ਕਿਤਾਬਾਂ ਅਤੇ ਇਖ਼ਤਿਲਾਫ਼ੀ ਮਸਲਿਆਂ 'ਤੇ ਅਧਾਰਿਤ ਕਿਤਾਬਾਂ ਦਾ ਬਹੁਤ ਗਹਿਰਾ ਅਧਿਐਨ ਸੀ। ਸ਼ਹੀਦ ਮਰਹੂਮ ਨੂੰ ਨਾਇਬ ਅਮੀਰ ਜ਼ਿਲ੍ਹਾ ਸਰਗੋਧਾ ਦੇ ਤੌਰ 'ਤੇ ਵੀ ਖ਼ਿਦਮਤ ਦੀ ਤੌਫ਼ੀਕ਼ ਮਿਲੀ, ਮੈਡੀਕਲ ਅਸੋਸੀਏਸ਼ਨ ਦੇ ਕ਼ਿਆਮ ਦੇ ਬਾਅਦ ਉਸਦੇ ਮੈਂਬਰ ਸਨ, 2024 ਈ: ਤੋਂ ਅਸੋਸੀਏਸ਼ਨ ਦੇ ਨਾਇਬ ਸਦਰ ਸਨ, ਇਸੇ ਤਰ੍ਹਾਂ ਸਰਗੋਧਾ ਚੈਪਟਰ ਦੇ ਸਦਰ ਸਨ। ਪਿਛਲੇ ਤਿੰਨ ਸਾਲ ਤੋਂ ਉਹਨਾਂ ਨੂੰ ਕੈਂਸਰ ਦੀ ਤਕਲੀਫ਼ ਸੀ ਪਰ ਉਸਦੇ ਬਾਵਜੂਦ ਹਮੇਸ਼ਾ ਆਪਣੀ ਬਿਮਾਰੀ 'ਤੇ ਦੂਸਰਿਆਂ ਦੀ ਬਿਮਾਰੀ ਨੂੰ ਤਰਜੀਹ ਦਿੱਤੀ ਅਤੇ ਹਰ ਵੇਲੇ ਖ਼ਿਦਮਤ ਦੇ ਲਈ ਤਿਆਰ ਰਹਿੰਦੇ ਸਨ। ਮਰੀਜ਼ਾਂ ਨਾਲ਼ ਹਮਦਰਦੀ, ਮੁਹੱਬਤ ਅਤੇ ਜ਼ਰੂਰਤਮੰਦਾਂ ਦਾ ਮੁਫ਼ਤ ਇਲਾਜ ਆਪ ਦੀ ਉੱਘੀ ਸਿਫ਼ਤ ਸੀ। ਜ਼ਰੂਰਤਮੰਦ ਮਰੀਜ਼ਾਂ ਨੂੰ ਮੁਫ਼ਤ ਇਲਾਜ ਦੇ ਇਲਾਵਾ ਵਾਪਸੀ ਦਾ ਕਿਰਾਇਆ ਵੀ

ਦੇ ਦਿੰਦੇ ਸਨ, ਉਹਨਾਂ ਦੇ ਕੁੱਝ ਟੈਸਟ ਮੁਫ਼ਤ ਕਰਵਾਉਂਦੇ ਅਤੇ ਉਹਨਾਂ ਦੇ ਪੈਸੇ ਦੇ ਦਿੰਦੇ। ਮਾਲੀ ਲਿਹਾਜ਼ ਨਾਲ਼ ਕਮਜ਼ੋਰ ਬੱਚਿਆਂ ਦੀਆਂ ਸ਼ਾਦੀਆਂ ਦੇ ਲਈ ਕੋਸ਼ਿਸ਼ ਕਰਦੇ।

ਸ਼ਹੀਦ ਮਰਹੂਮ ਦੀ ਮਾਤਾ ਜੀ ਅਮਤੁਲ ਹਈ ਸਾਹਿਬਾ ਕਹਿੰਦੀ ਹਨ ਕਿ ਮਰਹੂਮ ਮਾਂ ਬਾਪ ਦਾ ਬੇਹਦ ਇੱਜ਼ਤ ਕਰਨ ਵਾਲ਼ੇ ਸਨ। ਬਚਪਨ ਤੋਂ ਹੀ ਬੇਸ਼ੁਮਾਰ ਖ਼ੂਬੀਆਂ ਦੇ ਮਾਲਿਕ ਸਨ, ਆਪਣੇ ਕੰਮ ਨਾਲ਼ ਕੰਮ ਰੱਖਣ ਵਾਲ਼ੇ, ਖ਼ਿਲਾਫ਼ਤ ਨਾਲ਼ ਬੇ ਇਨਤਿਹਾ ਇਸ਼ਕ਼ ਸੀ, ਮਾਲੀ ਮਾਮਲਿਆਂ ਅਤੇ ਲੈਣ ਦੇਣ ਦਾ ਪੂਰਾ ਹਿਸਾਬ ਰੱਖਦੇ, ਖ਼ਾਨਦਾਨ ਦੇ ਸਭ ਲੋਕਾਂ ਨੂੰ ਆਪਸ ਵਿੱਚ ਜੋੜ ਕੇ ਰੱਖਿਆ ਹੋਇਆ ਸੀ। ਉਹਨਾਂ ਦੀ ਪਤਨੀ ਨੂਰ ਸਾਹਿਬਾ ਕਹਿੰਦੀ ਹਨ ਕਿ ਬੱਚਿਆਂ ਨੂੰ ਹਮੇਸ਼ਾ ਨਿਜ਼ਾਮਿ ਜਮਾਅਤ ਨਾਲ਼ ਜੋੜਨ ਦੀ ਤਲਕ਼ੀਨ ਕਰਦੇ, ਖ਼ੁਤਬੇ ਬਕ਼ਾਇਦਾ ਸੁਣਦੇ ਅਤੇ ਨੁਕਤੇ ਡਾਇਰੀ ਵਿੱਚ ਨੋਟ ਕਰਦੇ। ਚੰਦਿਆਂ ਦੀ ਅਦਾਇਗੀ ਮਿਸਾਲੀ ਸਨ। ਸ਼ਹਾਦਤ ਵੇਲ਼ੇ ਉਹਨਾਂ ਦੇ ਦਾਵਸੀਅਤ ਦੇ ਚੰਦੇ 2025 ਈ: ਤੱਕ ਦਾ ਹਿਸਾਬ ਸਾਫ਼ ਸੀ। ਉਹਨਾਂ ਦੀ ਬੇਟੀ ਸਾਇਮਾ ਕਹਿੰਦੀ ਹਨ ਕਿ ਬੇਹਦ ਨਰਮ ਬਾਪ ਸਨ। ਮੇਰੀ ਸ਼ਾਦੀ 'ਤੇ ਮੈਨੂੰ ਇੱਕ ਹੀ ਨਸੀਹਤ ਕੀਤੀ ਕਿ ਬੇਟਾ ਆਪਣੇ ਸਹੁਰੇ ਘਰ ਜਾ ਕੇ ਹਮੇਸ਼ਾ ਨਿਜ਼ਾਮਿ ਜਮਾਅਤ ਨਾਲ਼ ਜੁੜੇ ਰਹਿਣਾ। ਜੇਕਰ ਕਦੇ ਕਿਸੇ ਹਵਾਲੇ ਨਾਲ਼ ਜਮਾਅਤੀ ਖ਼ਿਦਮਤ ਦਾ ਸਨਮਾਨ ਮਿਲੇ਼ ਤਾਂ ਕਦੀ ਇਨਕਾਰ ਨਾ ਕਰਨਾ।

ਇੱਕ ਬਹੂ ਕਹਿੰਦੀ ਹੈ ਕਿ ਅੱਲਾਹ ਤਆਲਾ 'ਤੇ ਭਰੋਸੇ 'ਤੇ ਬਹੁਤ ਜ਼ੋਰ ਦਿੰਦੇ ਸਨ। ਜਦ ਵੀ ਕਿਸੇ ਮਾਮਲੇ ਵਿੱਚ ਰਹਿਨੁਮਾਈ ਦੀ ਦਰਖ਼ਾਸਤ ਕੀਤੀ ਤਾਂ ਗੱਲ ਦੁਆ ਤੋਂ ਸ਼ੁਰੂ ਕਰਦੇ ਅਤੇ ਦੁਆ ਤੇ ਖ਼ਤਮ ਕਰਦੇ। ਉਹਨਾਂ ਦੀ ਭੈਣ ਕਹਿੰਦੀ ਹੈ ਕਿ ਜਮਾਤ ਦੇ ਮੁਖ਼ਾਲਿਫ਼ਾਨਾ ਹਲਾਤਾਂ ਦੀ ਵਜ੍ਹਾ ਨਾਲ਼ ਬਹੁਤ ਪਰੇਸ਼ਾਨ ਰਹਿੰਦੇ, ਰਾਤਾਂ ਨੂੰ ਉੱਠ ਕੇ ਨਫ਼ਲ ਪੜਨਾ ਅਤੇ ਤਹੱਜੁਦ ਪੜ੍ਹਨਾ ਰੋਜ਼ ਦਾ ਕੰਮ ਸੀ।

ਅਮੀਰ ਸਾਹਿਬ ਜ਼ਿਲ੍ਹਾ ਸਰਗੋਧਾ ਕਹਿੰਦੇ ਹਨ ਕਿ ਲੋਕਾਂ ਲਈ ਲਾਭਦਾਇਕ ਹੋਣ ਦੇ ਇਲਾਵਾ ਨਿਮਾਣੇਪਨ ਅਤੇ ਇਨਕਿਸਾਰੀ ਦੀ ਸਿਫ਼ਤ ਉੱਘੀ ਸੀ। ਜਮਾਅਤੀ ਅਹੁਦੇਦਾਰਾਂ ਦੀ ਬਹੁਤ ਇੱਜ਼ਤ ਕਰਦੇ। ਉੱਥੋਂ ਦੇ ਮੁਰੱਬੀ ਸਿਲਸਿਲਾ ਕਹਿੰਦੇ ਹਨ ਕਿ ਸਾਡਾ ਇੰਤਿਹਾਈ ਮਹਿਬੂਬ, ਇਨਸਾਨੀਅਤ ਦਾ ਖ਼ਾਦਿਮ, ਰਹਿਮਤ ਅਤੇ ਸ਼ਫ਼ਕ਼ਤ ਦਾ ਪੈਕਰ, ਲੱਖਾਂ ਲੋਕਾਂ ਦਾ ਮਸੀਹਾ, ਮੁਜੱਸਮ ਫ਼ਰਿਸ਼ਤਾ ਇਨਸਾਨ ਸਾਡੇ ਤੋਂ ਜੁਦਾ ਹੋ ਗਿਆ। ਸ਼ਹੀਦ ਮਰਹੂਮ ਦਰਵੇਸ਼ ਇਨਸਾਨ ਸਨ, ਜ਼ਿੰਦਗੀ ਦਾ ਹਰ ਪਹਿਲੂ ਮਿਸਾਲੀ ਸੀ।

ਦੁਸ਼ਮਣਾਂ ਨੇ ਜ਼ਿਲ੍ਹੇ ਭਰ ਵਿੱਚ ਉਹਨਾਂ ਦੇ ਖ਼ਿਲਾਫ਼ ਇਸ਼ਤਿਹਾਰ ਵੀ ਵੰਡੇ ਸਨ ਇਸੇ ਤਰ੍ਹਾਂ ਟਾਰਗੇਟ ਕੀਤੇ ਜਾਣ ਵਾਲ਼ੇ ਅਹਿਮਦੀਆਂ ਦੀ ਦੁਸ਼ਮਣਾਂ ਨੇ ਲਿਸਟ ਬਣਾਈ ਸੀ ਅਤੇ ਉਸ ਵਿੱਚ ਡਾਕਟਰ ਸਾਹਿਬ ਦਾ ਨਾਮ ਸਭ ਤੋਂ ਉੱਤੇ ਸੀ। ਇੱਕ ਮੌਲਵੀ ਅਕਰਮ ਤੂਫ਼ਾਨੀ ਨੇ ਇਹਨਾਂ ਦੇ ਵਾਜਿਬੁਲ ਕ਼ਤਲ ਹੋਣ ਦਾ ਫ਼ਤਵਾ ਦਿੱਤਾ ਹੋਇਆ ਸੀ। ਇਹੀ ਨਹੀਂ ਬਲਕਿ ਇਹ ਫ਼ਤਵਾ ਵੰਡਿਆ ਵੀ ਗਿਆ ਸੀ ਪਰ ਫਿਰ ਵੀ ਹਕੂਮਤ ਨੇ ਕੋਈ ਕ਼ਦਮ ਨਹੀਂ ਚੁੱਕਿਆ। ਅੱਲਾਹ ਤਆਲਾ ਛੇਤੀ ਉਹਨਾਂ ਦੀ ਪਕੜ ਦੇ ਸਮਾਨ ਕਰੇ ਕਿਉਂਕਿ ਮੁਲਕ ਨੂੰ ਬਚਾਉਣ ਦੇ ਲਈ ਜ਼ਰੂਰੀ ਹੈ ਕਿ ਇਹਨਾਂ ਤੋਂ ਛੁਟਕਾਰਾ ਹਾਸਿਲ ਕੀਤਾ ਜਾਵੇ। ਇਹ ਮਜ਼ਹਬੀ ਅਖਵਾਉਣ ਵਾਲ਼ੇ ਲੋਕ ਜਿਹੜੇ ਮਜ਼ਹਬ ਦੇ ਨਾਮ 'ਤੇ ਦਹਿਸ਼ਤਗਰਦੀ ਕਰ ਰਹੇ ਹਨ, ਇਹ ਲੋਕ ਮੁਲਕ ਨੂੰ ਤਬਾਹ ਕਰਨ ਦੇ ਤੁਲੇ ਹੋਏ ਹਨ। ਸਾਡੀਆਂ ਫ਼ਰਿਆਦਾਂ ਤਾਂ ਅੱਲਾਹ ਤਆਲਾ ਵੱਲ ਹਨ ਅਤੇ ਉਸਦਾ ਹੱਕ਼ ਅਦਾ ਕਰਨ ਦੇ ਵੱਲ ਸਾਨੂੰ ਪੂਰੀ ਤਵੱਜੋ ਕਰਨੀ ਚਾਹੀਦੀ ਹੈ। ਅੱਲਾਹ ਤਆਲਾ ਸ਼ਹੀਦ ਮਰਹੂਮ ਦੇ ਦਰਜੇ ਬੁਲੰਦ ਕਰੇ ਉਹਨਾਂ ਦੇ ਪਿੱਛੇ ਰਹਿ ਜਾਣ ਵਾਲਿਆਂ ਨੂੰ ਸਬਰ ਅਤੇ ਹੌਸਲਾ ਅਤਾ ਕਰੇ। ਉਨ੍ਹਾਂ ਦੀ ਵਾਲਿਦਾ ਮੁਹਤਰਮਾ ਵੱਡੀ ਉਮਰ ਦੀ ਹਨ ਅੱਲਾਹ ਤਆਲਾ ਉਹਨਾਂ ਦੇ ਗ਼ਮ ਨੂੰ ਹਲਕਾ ਕਰੇ, ਉਹਨਾਂ ਦੀ ਬੀਵੀ ਅਤੇ ਬੱਚੇ, ਅੱਲਾਹ ਤਆਲਾ ਸਭ ਨੂੰ ਆਪਣੀ ਹਿਫ਼ਾਜ਼ਤ ਵਿੱਚ ਰੱਖੇ। ਆਮੀਨ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞